No. 2

1

# ਹਿੰਦੂਸਤਾਨ ਗ਼ਦਰ-ਪਾਰਟੀ ਦੀ ਕਾਨਸਟੀਟਿਊਸ਼ਨ



Printed by
HINDUSTAN GADAR PARTY
5 Wood St.
San Francisco

ਯੁਗਾਂਤਰ ਆਸ਼੍ਰਮ 5 ਵੁਡ ਸਟਰੀਟ ਸਾਨਫਰਾਂਸਿਸਕੋ
ਕੈਲੀਫੋਰਨੀਆਂ, ਅਮਰੀਕਾ ਮੇਂ ਛਪਾ, ਮਾਰਚ, 1928॥

LATEST EDITION

# ਆਰਟੀਕਲ I

## ਨਾਮ

ਇਸ ਸਭਾ ਦਾ ਨਾਮ ਹਿੰਦੋਸਤਾਂਨ ਗ਼ਦਰ ਪਾਰਟੀ (ਇੰਡੀਆਜ਼ ਨੈਸ਼ਨਲ ਪਾਰਟੀ) ਹੈ ਅਤੇ ਹੋਵੇਗਾ।

# ਆਰਟੀਕਲ II

## ਆਦਰਸ਼

ਹਿੰਦੋਸਤਾਂਨ ਵਿਚ ਹਿੰਦੋਸਤਾਨੀਆਂ ਦਾ ਐਸਾ ਮੁਕੰਮਲ ਆਜ਼ਾਦ ਰਾਜਸੀ ਇੰਤਜ਼ਾਮ ਕਾਇਮ ਕਰਨਾ ਜਿਸ ਅੰਦਰ:-

(1) ਹਰ ਸ਼ਖ਼ਸ ਨੂੰ ਅਮਨ ਦੇ ਜ਼ਮਾਨੇ ਵਿਚ ਸੋਚਣੇ, ਬੋਲਣੇ, ਲਿਖਣੇ, ਅਤੇ ਸਭਾ ਬਨਾਉਣ ਦੀ ਆਜ਼ਾਦੀ ਹੋਵੇ॥

(2) ਹਿੰਦੋਸਤਾਨੀਆਂ ਦੀ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਜ਼ਿਆਦਾ ਤੋਂ ਜ਼ਿਆਦਾ ਫ਼ੈਦਾ ਉਠਾ ਸਕੇ॥

(3) ਸਰਕਾਰ ਦੀ ਤਰਫ਼ੋਂ ਐਸਾ ਪਰਬੰਧ ਹੋਵੇ ਕਿ ਹਰ ਇਕ ਕਾਬਲ ਸ਼ਖ਼ਸ ਜ਼ਰੂਰੀਆਤ ਜ਼ਿੰਦਗੀ (ਰੋਟੀ ਕਪੜਾ, ਮਕਾਂਨ ਤੇ ਤਾਲੀਮ) ਕਮਾ ਸਕੇ।

## ਤਰੀਕੇ

ਬਦੇਸ਼ਾਂ ਵਿਚ ਪਾਰਟੀ ਦਾ ਕੰਮ ਉਨਾਂ ਉਨਾਂ ਮੁਲਕਾਂ ਦੇ ਕਾਨੂੰਨਾਂ ਅਨੁਸਾਰ ਕਰਦੇ ਹੋਏ ਹਿੰਦੋਸਤਾਂਨ ਵਿਚ ਆਪਣੇ ਆਦਰਸ਼ ਨੂੰ ਪੂਰਾ ਕਰਨ ਵਾਸਤੇ ਮੌਕਿਆ ਅਤੇ ਜ਼ਰੂਰਤ ਦੇ ਮੁਤਾਬਕ ਤਮਾਮ ਮੁਮਕਨ ਅਤੇ ਮੁਨਾਸਿਬ ਤਰੀਕੇ ਅਖ਼ਤਿਆਰ ਕੀਤੇ ਜਾਂਣਗੇ।

---

(ਨੋਟ) ਜੁਦਾ ਜੁਦਾ ਮੁਲਕਾ ਵਿਚ ਰੈਹਣ ਵਾਲੇ ਮੈਂਬਰ ਆਪਣੇ ਮੁਲਕ ਦੇ ਸਿਕੇ ਦੇ ਹਸਾਬ ਚੰਦਾ ਦੇਣਗੇ। ਜਾਂਣ ਅਮਰੀਕਾ ਵਿਚ ਰੈਹਣ ਵਾਲਾ ਮੈਂਬਰ ਪਚੀ ਡਾਲਰ ਅਮਰੀਕਾ ਦੇ ਤੇ ਚੀਨ ਵਿਚ ਰੈਹਣ ਵਾਲਾ ਮੈਂਬਰ ਪਚੀ ਡਾਲਰ ਚਾਈਨੀ

## ਆਰਟੀਕਲ III

## ਵੰਡ ਜਾਂ ਤਕਸੀਮ

ਗਦਰ ਪਾਰਟੀ ਦੀ ਹਕੂਮਤ ਚਾਰ ਹਿਸਿਆਂ ਵਿਚ ਵੰਡੀ ਜਾਏਗੀ:

(1) ਲੈਜਿਸਲੇਟਿਵ (ਕਾਨੂੰਨ ਬਣੌਣ ਵਾਲਾ) ਮਹਿਕਮਾ
(2) ਐਗਜ਼ੀਕਿਊਟਿਵ (ਕਾਨੂੰਨ ਪੁਚਲਤ ਕਰਨ ਵਾਲਾ) ਮਹਿਕਮਾ
(3) ਜੂਡੀਸ਼ੀਅਲ (ਇਨਸਾਫ਼ ਦਾ) ਮਹਿਕਮਾ
(4) ਕਮਿਸ਼ਨ

## ਆਰਟੀਕਲ IV

## ਮੈਂਬਰਸ਼ਿਪ

ਮੈਂਬਰਾਂ ਦੇ ਪੰਜ ਦਰਜੇ ਹੋਣਗੇ:-

(ੳ) ਆਨਰੇਰੀ ਮੈਂਬਰ:-

ਹਰ ਐਸਾ ਇਨਸਾਨ ਗਦਰ ਪਾਰਟੀ ਦਾ ਆਨਰੇਰੀ ਮੈਂਬਰ ਹੋ ਸਕਦਾ ਹੈ ਜੋ ਗ਼ਦਰ ਪਾਰਟੀ ਦੇ ਅਸੂਲ ਨਾਲ ਹਮਦਰਦੀ ਰਖਦਾ ਹੋਵੇ ਅਤੇ ਇਕੀ (21) ਬਰਸ ਤੋਂ ਉਪਰ ਉਮਰ ਹੋਵੇ॥

(ਅ) ਐਸੋਸੀਏਟ ਮੈਂਬਰ:-

ਹਰ ਐਸਾ ਇਨਸਾਨ ਐਸੋਸੀਏਟ ਮੈਂਬਰ ਹੋ ਸਕਦਾ ਹੈ ਜੋ ਹਿੰਦੁਸਤਾਨ ਗਦਰ ਪਾਰਟੀ ਦੇ

ਆਦਰਸ਼, ਕਾਨਸਟੀਟਿਊਸ਼ਨ ਅਤੇ ਕਮ ਨਾਲ ਦਿਲੀ ਹਮਦਰਦੀ ਰਖਦਾ ਹੋਵੇ ਅਤੇ ਸਾਥ ਹੀ ਘਟ ਤੋਂ ਘਟ ਪੰਜ ਡਾਲਰ ($5) ਸਾਲਾਨਾ ਪਾਰਟੀ ਨੂੰ ਚੰਦਾ ਦੇਂਦਾ ਹੋਵੇ ॥

(ਏ) ਐਕਟਿਵ ਮੈਂਬਰ :- ਹਰ ਐਸਾ ਇਨਸਾਨ ਐਕਟਿਵ ਮੈਂਬਰ ਹੋ ਸਕਦਾ ਹੈ :- ਜੋ (1) ਹਿੰਦੁਸਤਾਨ ਗਦਰ ਪਾਰਟੀ ਦੇ ਆਦਰਸ਼, ਕਾਨਸਟੀਟਿਊਸ਼ਨ ਅਤੇ ਪਾਸ ਹੋ ਚੁਕੇ ਕਾਨੂੰਨਾਂ ਨੂੰ ਮੰਨਦਾ ਤੇ ਉਨ੍ਹਾਂ ਪਰ ਅਮਲ ਕਰਦਾ ਹੋਵੇ ॥

(2) ਹਿੰਦੁਸਤਾਨੀ ਖੂਨ ਤੋਂ      ਹੋਵੇ, ਹਿੰਦੁਸਤਾਨ ਨੂੰ ਆਪਣਾ ਮੁਲਕ ਸਮਝੇ, ਅਤੇ (21) ਇਕੀ ਸਾਲ ਤੋਂ ਜ਼ਿਆਦਾ ਉਮਰ ਹੋਵੇ ॥

(3) ਪਾਰਟੀ ਦੇ ਕਾਨੂੰਨਾਂ ਅਤੇ ਹੁਕਮਾਂ ਨੂੰ ਬਾਕੀ ਤਮਾਮ ਕਾਨੂੰਨਾਂ ਅਤੇ ਹੁਕਮਾਂ ਨਾਲੋਂ ਉਚਾ ਸਮਝੇ ॥

(4) ਘਟ ਤੋਂ ਘਟ ਪੱਚੀ ($25) ਡਾਲਰ ਸਾਲਾਨਾ ਚੰਦਾ ਦੇਂਦਾ ਹੋਵੇ ॥

(ਸ) ਸਪੈਸ਼ਲ ਮੈਂਬਰ :- ਹਰ ਐਸਾ ਇਨਸਾਨ ਸਪੈਸ਼ਲ ਮੈਂਬਰ ਹੋ ਸਕਦਾ ਹੈ ਜੋ ਐਕਟਿਵ ਮੈਂਬਰ ਦੀ ਸਾਰੀਆਂ ਸ਼ਰਤਾਂ ਮੰਨਣੋਂ ਤੋਂ ਵਧਕਰ $75 ਡਾਲਰ ਵਧ ਜਾਂਨੀ ਕੁਲ ਸੌ ($100) ਡਾਲਰ ਸਾਲਾਨਾ ਚੰਦਾ ਦੇਵੇ ॥

(ਹ) ਲਾਇਫ ਮੈਂਬਰ :- ਹਰ ਐਸਾ ਇਨਸਾਨ ਜੋ ਉਪਰ ਲਿਖੀਆਂ ਸ਼ਰਤਾਂ ਮੰਨਣ, ਤੇ ਉਨ੍ਹਾਂ ਪਰ ਅਮਲ ਕਰਨ ਤੋਂ ਵਧਕਰ ਆਪਣੀ ਤਮਾਮ ਜ਼ਿੰਦਗੀ, ਵਕਤ ਅਤੇ ਆਮਦਨੀ ਖਰਚ ਕਟਕੇ ਪਾਰਟੀ ਦੇ ਹਵਾਲੇ ਕਰ ਦੇਵੇ ॥

# ਆਰਟੀਕਲ V

## ਵੋਟ ਦਾ ਹਕ

ਆਨਰੇਰੀ ਮੈਂਬਰਾਂ ਤੋਂ ਬਿਨਾਂ ਬਾਕੀ ਸਾਰੇ ਮੈਂਬਰ ਵੋਟ ਦੇ ਸਕਣਗੇ ॥

—

# ਆਰਟੀਕਲ VI

## ਸਟੇਟ ਕਮੇਟੀਆਂ

(ੳ) ਸਟੇਟ ਕਮੇਟੀ ਦਾ ਮੈਂਬਰ ਕੌਣ ਹੋ ਸਕਦਾ ਹੈ?

(1) ਆਨਰੇਰੀ ਅਤੇ ਐਸੋਸੀਏਟ ਮੈਂਬਰਾਂ ਤੋਂ ਬਗੈਰ ਹਰ ਐਸਾ ਮੈਂਬਰ ਜਿਸਨੇ ਚੋਣ ਤੋਂ ਪਹਿਲਾਂ ਦੋ ਸਾਲ ਤਕ ਮੈਂਬਰੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹੋਵਨ, ਸਟੇਟ ਕਮੇਟੀ ਦੀ ਮੈਂਬਰੀ ਵਾਸਤੇ ਉਮੀਦਵਾਰ ਖੜਾ ਹੋ ਸਕਦਾ ਹੈ ॥

(2) ਹਰ ਇਕ ਸਟੇਟ ਕਮੇਟੀ ਦੇ ਨੌਂ (9) ਮੈਂਬਰ ਹੋਣਗੇ, ਪਰ ਮੈਟ੍ਰਿਪੁਲਿਨ ਦਾ ਇਲਾਕਾ ਵਡਾ ਹੋਣ ਕਰਕੇ ਇਸ ਕਮੇਟੀ ਦੇ (11) ਯਾਰਾਂ ਮੈਂਬਰ ਹੋਣਗੇ ॥

(ਅ) ਚੋਣ ਦਾ ਤਰੀਕਾ:- ਉਮੀਦਵਾਰਾਂ ਦੇ ਨਾਮ ਆਮ ਗਦਰ ਜਲਸੇ ਵਿਚ ਪੇਸ਼ ਹੋਣ, ਤਾਈਦ ਕੀਤੇ ਜਾਣ ਤੋਂ ਪਿਛੋਂ ਗੁਪਤ ਪਰਚੀਆਂ ਨਾਲ ਜਿਨ੍ਹਾਂ ਮੈਂਬਰਾਂ ਦੀਆਂ ਵੋਟਾਂ ਜ਼ਿਆਦਾ ਹੋਣ ਗੀਆਂ ਮੈਂਬਰ ਚੁਣੇ ਐਲਾਨ ਕੀਤੇ ਜਾਣ ਗੇ ॥

(ੲ) ਮੈਂਬਰਾਂ ਦੀ ਮਿਆਦ:- ਸਟੇਟ ਕਮੇਟੀਆਂ ਦੇ ਮੈਂਬਰਾਂ ਦੀ ਮਿਆਦ ਛੇ ਸਾਲ ਹੋਵੇਗੀ ਜੇਕਰ ਉਹ ਕਿਸੇ ਹੋਰ ਕਸੂਰ ਕਰਕੇ ਨਾਂ ਹਟਾਏ ਜਾਣ ॥

(ਸ) ਸਟੇਟ ਕਮੇਟੀਆਂ ਦੇ ਫਰਜ਼:- (1) ਆਪਣੇ ਇਲਾਕੇ ਦਾ ਪ੍ਰਬੰਧ ਕਰਨਾ

2) ਮਹਿਕਮਾਂ ਤਾਲੀਮ ਦੀ ਮਨਜ਼ੂਰੀ ਨਾਲ ਆਪਣੇ ਇਲਾਕਿਆਂ ਵਿਚ ਪਰਚਾਰ ਅਤੇ ਗਦਰ ਜਲਸਿਆਂ ਦਾ ਇੰਤਜ਼ਾਮ ਕਰਨਾ॥

3) ਸੈਂਟਰਲ ਪੰਚੈਤ ਵਾਸਤੇ ਦੋ ਮੈਂਬਰ ਚੁਣਕੇ ਭੇਜਣੇ॥

4) ਪਾਰਟੀ ਦੇ ਅਸੂਲਾਂ ਨੂੰ ਆਪਣੇ ਇਲਾਕੇ ਵਿਚ ਪਰਚਾਰਤ ਕਰਨਾ ਅਤੇ ਨਵੇਂ ਮੈਂਬਰ ਪੈਦਾ ਕਰਨੇ॥

---

# ਆਰਟੀਕਲ VII

## ਲੈਜਿਸਲੇਟਿਵ ਮਹਿਕਮਾ
## (ਸੈਂਟਰਲ ਪੰਚਾਇਤ)

---

(ੳ) <u>ਬਨਾਵਟ ਤੇ ਚੰਦਾ</u>:- 1) ਸੈਂਟਰਲ ਪੰਚੈਤ ਦੇ ਉਨੀ (19) ਮੈਂਬਰ ਹੋਣਗੇ ਜਿਨ੍ਹਾਂ ਦੀ ਤਫਸੀਲ ਏਹ ਹੈ:-

11, ਯਾਰਾਂ ਮੈਂਬਰ ਸਟੇਟ ਕਮੇਟੀਆਂ ਦੀ ਤਰਫੋਂ, ਤਿਨ ਮੋਬਿਲਾਇਜ਼ਰ ਵਲੋਂ ਅਤੇ ਚਾਰੇ ਬਾਰ ਕਮੇਟੀਆਂ ਵਲੋਂ ਦੋ ਦੋ॥

3, ਤਿਨ ਕਮਿਸ਼ਨ ਦੇ ਮੈਂਬਰ

5, ਪੰਜ ਹੋਰ ਮੈਂਬਰ ਜੋ ਕਮਿਸ਼ਨ ਚੁਣੇਗਾ॥

2) ਸੈਂਟਰਲ ਪੰਚੈਤ ਦਾ ਹਰ ਇਕ ਮੈਂਬਰ ਸੌ ($100) ਡਾਲਰ ਚੰਦਾ ਦੇਵੇਗਾ॥

(ਅ) <u>ਸੈਂਟਰਲ ਪੰਚੈਤ ਦੇ ਅਖਤਿਆਰ</u>:- 1) ਜ਼ਰੂਰਤ ਅਨੁਸਾਰ ਸੈਂਟਰਲ ਪੰਚੈਤ ਕਾਇਦੇ ਔਰ ਕਾਨੂੰਨ ਤਿਆਰ ਕਰੇਗੀ॥

2) ਤਿਨ-ਚੌਥਾਈ ਮੈਂਬਰਾਂ ਦੀ ਰਾਏ ਨਾਲ ਦੋ ਹਫਤੇ ਪਹਿਲੇ ਸੈਂਟਰਲ ਪੰਚਾਇਤ ਦੇ ਮੈਂਬਰਾਂ ਨੂੰ ਨੋਟਿਸ ਦੇਕੇ ਜਿਸ ਵਿਚ ਕਿ ਬਦਲੀ ਕਰਨ ਵਾਲੀ ਬਾਤ ਦਾ ਜ਼ਿਕਰ ਕੀਤਾ ਗਿਆ ਹੋਵੇ ਸੈਂਟਰਲ ਪੰਚੈਤ ਕਾਨਸਟੀਟਿਊਸ਼ਨ ਦੀ ਤਬਦੀਲੀ ਕਰ ਸਕੇਗੀ॥

3) ਸੈਂਟਰਲ ਪੰਚੈਤ ਪਾਰਟੀ ਦੇ ਤਮਾਮ ਹਸਾਬ ਕਿਤਾਬ ਅਤੇ ਜਾਇਦਾਦ ਦੀ ਮਾਲਕ ਤੇ ਜ਼ੁੰਮੇਵਾਰ ਹੋਵੇਗੀ॥

4) ਕਮੀਸ਼ਨ ਦੇ ਆਲ੍ਹਾ ਔਹਦੇਦਾਰ ਹੀ ਪੰਚੈਤ ਦੇ ਆਲ੍ਹਾ ਔਹਦੇਦਾਰ ਹੋਣਗੇ॥ - ਪਰੈਜ਼ੀਡੈਂਟ, ਸੈਕਟਰੀ ਤੇ ਖਜ਼ਾਨਚੀ ਤੋਂ ਮੁਰਾਦ ਹੈ -

5) ਦੋ ਤਿਹਾਈ ਮੈਂਬਰਾਂ ਦੇ ਰਾਏ ਨਾਲ ਆਪਣੇ ਮੀਤ ਔਹਦੇਦਾਰ - ਯਾਨੀ ਮੀਤ ਪਰੈਜ਼ੀਡੈਂਟ, ਸਕੱਤਰ ਤੇ ਖਜ਼ਾਨਚੀ - ਆਪ ਚੁਣੇਗੀ ~~[illegible]~~ ਜਿਨ੍ਹਾਂ ਦਾ ਵਾਸਤਾ ਸਿਰਫ਼ ਐਡਮਿਸਟ੍ਰੇਟਿਵ ਮਹਿਕਮੇ ਨਾਲ ਹੀ ਹੋਵੇਗਾ॥

6) ਜ਼ਰੂਰਤ ਅਨੁਸਾਰ ਕਮੇਟੀਆਂ ਅਤੇ ਸਬ ਕਮੇਟੀਆਂ ਬਣਾਏਗੀ॥

7) ਪਹਿਲੀ ਵਾਰ ਏਹ ਪੰਚੈਤ ਆਪਣੇ ਵਿਚੋਂ ਐਸੇ ਤਿਨ ਮੈਂਬਰਾਂ ਨੂੰ ਕਮੀਸ਼ਨ ਵਾਸਤੇ ਚੁਣੇਗੀ ਜਿਨ੍ਹਾਂ ਨੇ ਜ਼ਾਦਾ ਤੋਂ ਜ਼ਾਦਾ ਕੌਮੀ ਖਿਦਮਤ ਕੀਤੀ ਹੋਵੇ ਜਾਂ ਲਾਇਫ਼ ਮੈਂਬਰ ਹੋਣ॥

8) ਕਿਸੇ ਭੀ ਜੋਗ ਮੈਂਬਰ ਨੂੰ ਚੰਦਾ ਮਾਫ਼ ਕਰ ਸਕੇਗੀ॥

9) ਪਾਰਟੀ ਦੇ ਨਾਮ ਅਤੇ ਪਾਰਟੀ ਵਾਸਤੇ ਕਰਜ਼ਾ ਲੈ ਸਕੇਗੀ॥

10) ਆਮ ਰਾਏ ਨਾਲ ਕਮੀਸ਼ਨ ਦੇ ਹਿਸਾਬ ਦੀ ਪੜਤਾਲ ਨਵੇਂ ਕਮੀਸ਼ਨ ਦੀ ਰਾਹੀਂ ਕਰਵਾ ਸਕੇਗੀ॥

11) ਸੈਂਟਰਲ ਪੰਚੈਤ ਦੇ ਤਮਾਮ ਮੈਂਬਰਾਂ ਵਲੋਂ ਆਮ ਰਾਏ ਨਾਲ ਕੀਤੇ ਗਏ ਫੈਸਲੇ ਉਸੀ ਬਾਤ ਪਰ ਕਸਰਤ ਰਾਏ ਨਾਲ ਕੀਤੇ ਗਏ ਫੈਸਲਿਆਂ ਨਾਲੋਂ ਉਪਰ (ਆਲ੍ਹਾ) ਸਮਝੇ ਜਾਣਗੇ॥

12) ਕਿਸੇ ਭੀ ਸਟੇਟ ਕਮੇਟੀ ਦੀ ਕਿਸੇ ਭੀ ਕਮਜ਼ੋਰੀ ਨੂੰ ਕਸਰਤ ਰਾਏ ਨਾਲ ਪੂਰਾ ਕਰ ਸਕੇਗੀ

13) ਨਵੇਂ ਸੂਬਿਆਂ ਦਾ ਐਲਾਨ ਕਰਨਾ, ਬਦਲੀ ਕਰਨਾ ਜਾਂ ਸੂਬਿਆਂ ਦੀ ਹਦ ਬੰਦੀ ਸੈਂਟਰਲ ਪੰਚੈਤ ਦੇ ਅਖਤਿਆਰ ਹੋਵੇਗੀ॥

14) ਸਵਾਏ ਮਸ਼ਵਰਾ ਲੈਣ ਦੀ ਗ਼ਰਜ਼ ਨਾਲ ਕਿਸੇ ਗੈਰ ਮੈਂਬਰ

ਨੂੰ ਆਪਣੀ ਮੀਟਿੰਗ ਵਿਚ ਬੁਲਾ ਸਕੇਗੀ, ਪਰ ਐਸੇ ਮੈਂਬਰ ਨੂੰ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ॥

15) ਹਰ ਪਾਸ ਸ਼ੁਦਾ ਹਿਸਾਬ ਕਾਨੂੰਨ ਮਸੌਦੇ, ਬਿਲ, ਬਜਟ ਪਰ ਹਾਜ਼ਰ ਮੈਂਬਰਾਂ ਦੇ ਦਸਖਤ ਹੋਣਗੇ॥

16) ਰਸੀਦ ਬੁਕ, ਰਜਿਸਟਰ, ਮਿਨੱਟ ਬੁਕ ਅਤੇ ਪਾਰਟੀ ਦੇ ਤਮਾਮ ਕਾਗਜ਼ਾਤ ਦੀ ਜ਼ੁੰਮੇਵਾਰੀ ਤੇ ਅਖਤਿਆਰ ਸੈਂਟਰਲ ਪੰਚੈਤ ਦੀ ਹੋਵੇਗੀ॥

17) ਸੈਂਟਰਲ ਪੰਚੈਤ ਦਾ ਕੋਰਮ ਸਤਾਂ (7) ਮੈਂਬਰਾਂ ਦਾ ਹੋਵੇਗਾ ਜਿਨ੍ਹਾਂ ਵਿਚ ਪਰੈਜ਼ੀਡੈਂਟ ਜਾਂ ਸੈਕਟਰੀ ਦਾ ਹੋਣਾ ਜ਼ਰੂਰੀ ਹੋਵੇਗਾ।

18) ਸੈਂਟਰਲ ਪੰਚੈਤ ਦੀ ਹਰ ਮੀਟਿੰਗ ਦਾ ਨੋਟਿਸ ਇਕ ਹਫਤਾ ਤੁਰਤ ਦੀ ਹਾਲੀਂ ਜਾਂ 48 ਘੰਟੇ ਭਾਰ ਦੀ ਹਾਲੀਂ ਪਹਿਲੇ ਦਿਤਾ ਜਾਏਗਾ॥

19) ਸੈਂਟਰਲ ਪੰਚੈਤ ਹਰ ਤਿਨ ਮਹੀਨੇ ਬਾਦ ਆਪਣੀ ਮੀਟਿੰਗ ਬੁਲਾਏਗੀ। ਪਰੈਜ਼ੀਡੈਂਟ ਜਾਂ ਸੈਕਟਰੀ ਜ਼ਰੂਰਤ ਅਨੁਸਾਰ ਸਪੈਸ਼ਲ (ਖਾਸ) ਮੀਟਿੰਗ ਬੁਲਾ ਸਕਣਗੇ॥

## (2) ਸੈਂਟਰਲ ਪੰਚਾਇਤ ਦੇ ਮੈਂਬਰਾਂ ਦੀ ਮਿਆਦ :-

ਸੈਂਟਰਲ ਪੰਚਾਇਤ ਦੇ ਮੈਂਬਰਾਂ ਦੀ ਮਿਆਦ ਛੇ (6) ਸਾਲ ਹੋਵੇਗੀ॥ ਪਹਿਲੀ ਵਾਰ ਚੋਣ ਦੇ

ਪਿਛੋਂ ਮੈਂਬਰ ਦੋ ਹਿਸੇਆ ਵਿਚ ਵੰਡੇ ਜਾਣਗੇ ਜਿਨ੍ਹਾਂ ਵਿਚ ਇਕ ਹਿਸੇ ਦੀ ਚੋਣ ਤਿਨ (3) ਸਾਲ ਬਾਦ ਕੀਤੀ ਜਾਏਗੀ। ਇਸ ਤੋਂ ਬਾਦ ਅਧੇ ਮੈਂਬਰਾਂ ਦੀ ਚੋਣ ਹਰ ਤਿਨ ਸਾਲ ਬਾਦ ਹੋਇਆ ਕਰੇਗੀ ।।

# ਆਰਟੀਕਲ VIII

## ਕਮੀਸ਼ਨ

(ੳ) ਕਮੀਸ਼ਨ ਦਾ ਮੈਂਬਰ ਕੌਣ ਹੋ ਸਕਦਾ ਹੈ?

ਹਰ ਐਸਾ ਮੈਂਬਰ ਕਮੀਸ਼ਨ ਦਾ ਮੈਂਬਰ ਹੋ ਸਕਦਾ ਹੈ ਜੋ :-

1) ਪਾਰਟੀ ਦਾ ਲਾਇਫ ਮੈਂਬਰ ਹੋਵੇ ਜਾਂ ਜਿਸਨੇ ਪਾਰਟੀ ਵਿਚੋਂ ਜਿਆਦਾ ਤੋਂ ਜ਼ਿਆਦਾ ਕੌਮੀ ਖਿਦਮਤ ਕੀਤੀ ਹੋਵੇ, ਅਤੇ ਜੋ ਇਸ ਕਮ ਦੇ ਲੈਕ ਹੋਵੇ ।।

2) ਉਸ ਵਕਤ ਤਕ ਕਮੀਸ਼ਨ ਦੇ ਫਰਜ਼ ਪੂਰੇ ਕਰਨ ਦਾ ਇਕਰਾਰ ਕਰੇ ਜਦ ਤਕ ਕਿ ਕਮੀਸ਼ਨ ਉਸਦਾ ਅਸਤੀਫਾ ਮਨਜ਼ੂਰ ਨਾਂ ਕਰੇ ਜਾਂ ਅਜਾਜ਼ਤ ਨਾ ਦੇਵੇ ।।

3) ਇਲਾਕੇ ਬੰਦੀ, ਮਜ਼ਬੀ ਤਾਅਸਬ ਜਾਂ ਸੂਬਾ ਭਗਤੀ ਤੋਂ ਪਰੇ ਹੋਵੇ, ਅਤੇ ਸਾਰੇ ਹਿੰਦੀਆਂ ਨੂੰ ਬਿਲਾ ਲਿਹਾਜ਼ ਜ਼ਾਤ ਪਾਤ, ਮਜ਼ਬ, ਇਲਾਕਾ, ਜਿਨਸ (ਸੈਕਸ) ਦੇ ਆਪਣਾ ਸਮਝਕੇ ਸਭ ਦੀ ਭਲਾਈ ਯਕਸਾਂ ਕਰਨ ਦਾ ਇਕਰਾਰ ਕਰੇ ।।

4) ਕਮੀਸ਼ਨ ਦੇ ਫਰਜ਼ਾਂ ਨੂੰ ਬਾਕੀ ਤਮਾਮ ਫਰਜ਼ਾਂ ਨਾਲੋਂ ਪਹਿਲੇ ਅਤੇ ਦਿਲੋਂ ਜਾਨ ਨਾਲ ਪੂਰਾ ਕਰਨ ਦਾ ਇਕਰਾਰ ਕਰੇ॥

5) ਕਮੀਸ਼ਨ ਤਿਨ ਮੈਂਬਰਾਂ ਦਾ ਹੋਵੇਗਾ॥

## (ਅ) ਕਮੀਸ਼ਨ ਦੇ ਅਖਤਿਆਰ :-

1) ਕਮੀਸ਼ਨ ਆਪਣੇ ਔਹਦੇਦਾਰ - ਪ੍ਰੈਜ਼ੀਡੈਂਟ ਸੈਕਟਰੀ, ਖਜ਼ਾਨਚੀ - ਆਪ ਚੁਣੇਗਾ, ਇਹੋ ਔਹਦੇਦਾਰ ਹੀ ਸੈਂਟਰਲ ਪੰਚੈਤ ਦੇ ਆਲ੍ਹਾ ਔਹਦੇਦਾਰ ਹੋਣਗੇ॥

2) ਕਮੀਸ਼ਨ ਦੇ ਫੈਸਲੇ ਆਮ ਰਾਏ ਨਾਲ ਹੋਣਗੇ॥

3) ਤਮਾਮ ਫੈਸਲਿਆਂ ਪਰ ਅਮਲ ਕਰਨ ਦਾ ਜ਼ੁੰਮੇਵਾਰ ਪ੍ਰੈਜ਼ੀਡੈਂਟ ਹੋਵੇਗਾ॥

4) ਕਮੀਸ਼ਨ ਬਾਹਰੋਂ ਸਿਰਫ ਮਦਦ ਹੀ ਲੈ ਸਕੇਗਾ ਜਿਸ ਦੀ ਰਪੋਟ ਸੈਂਟਰਲ ਪੰਚੈਤ ਨੂੰ ਦੇਣੀ ਹੋਵੇਗੀ। ਆਪਣੇ ਤਮਾਮ ਖਰਚ ਦਾ ਬੱਜਟ ਸੈਂਟਰਲ ਪੰਚਾਇਤ ਵਿਚ ਪੇਸ਼ ਕਰੇਗਾ ਅਤੇ ਸਾਲਾਨਾ ਖਰਚ ਦੀ ਸਮੂਚੀ ਰਪੋਟ ਦੇਵੇਗਾ॥

5) ਪੁਰਾਣਾ ਕਮੀਸ਼ਨ ਬਦਲ ਜਾਣ ਜਾਂ ਬਦਲਾਏ ਜਾਣ ਦੀ ਸੂਰਤ ਵਿਚ ਆਪਣਾ ਤਮਾਮ ਹਿਸਾਬ ਕਿਤਾਬ ਅਤੇ ਪਿਛਲੀ ਰਪੋਟ ਨਵੇਂ ਕਮੀਸ਼ਨ ਨੂੰ ਦੇਵੇਗਾ॥

6) ਕਮੀਸ਼ਨ ਬਦੇਸ਼ਾਂ ਵਿਚ ਆਪਣੇ ਏਜੰਟ ਮੁਕੱਰਰ ਕਰੇਗਾ, ਜੋ ਇਕ ਵਕਤ ਦੋ ਸਾਲ ਤੋਂ ਉਪਰ ਵਾਸਤੇ ਨਹੀਂ ਹੋਣਗੇ। ਸੰਨਦ ਪਰ ਦੋ ਸਾਲ ਦੀ ਮਿਆਦ ਲਿਖੀ ਜਾਵੇਗੀ। ਜ਼ਰੂਰਤ ਅਨੁਸਾਰ ਕਮੀਸ਼ਨ ਹੋਰ ਸੰਨਦ ਹਰ ਦੋ ਸਾਲ ਬਾਦ ਦੇ ਸਕੇਗਾ॥

7) ਨਵੇਂ ਮੈਂਬਰਾਂ ਦੀ ਦਰਖਾਸਤ ਮਨਜ਼ੂਰ ਕਰਨੀ ਕਮੀਸ਼ਨ ਦੇ ਅਖਤਿਆਰ ਵਿਚ ਹੋਵੇਗੀ ॥

8) ਕਮੀਸ਼ਨ ਕਿਸੇ ਐਸੇ ਆਦਮੀ ਨੂੰ ਮੈਂਬਰ ਨਹੀਂ ਬਣਾ ਸਕਦਾ ਜਿਸਦੇ ਬਰਖਲਾਫ ਪੰਚੈਤ ਦੇ ਮੈਂਬਰਾਂ ਦਾ ਤੀਜਾ ਹਿਸਾ ਹੋਵੇ ॥

9) ਕਿਸੇ ਐਸੇ ਮੈਂਬਰ ਜਾਂ ਮੈਂਬਰਾਂ ਨੂੰ ਜਿਨ੍ਹਾਂ ਪਰ ਕਿ ਪੰਚੈਤ ਦੀ ਤਰਫੋਂ ਕਸਰਤ ਰਾਏ ਨਾਲ ਲਾਏ ਗਏ ਇਲਜ਼ਾਮ ਪਾਰਟੀ ਦੀ ਅਦਾਲਤ ਵਿਚ ਸਾਬਤ ਹੋ ਚੁਕੇ ਹੋਣ, ਕਮੀਸ਼ਨ ਮੈਂਬਰੀ ਤੋਂ ਖਾਰਜ ਕਰ ਸਕਦਾ ਹੈ ॥

10) ਕਿਸੇ ਖਾਰਜ ਕੀਤੇ ਹੋਏ ਮੈਂਬਰ ਨੂੰ ਦੋਬਾਰਾ ਕਮੀਸ਼ਨ ਮੈਂਬਰ ਨਹੀਂ ਲੈ ਸਕਦਾ ਜਦ ਤਕ ਕਿ ਦੋ-ਤਿਹਾਈ ($\frac{2}{3}$) ਸ: ਪੰਚੈਤ ਦੇ ਮੈਂਬਰ ਉਸ ਦੇ ਹਕ ਵਿਚ ਰਾਏ ਨਾ ਦੇਣ ॥

11) ਕਮੀਸ਼ਨ ਨੂੰ ਅਖਤਿਆਰ ਹੈ ਕਿ ਸੰਟਰਲ ਪੰਚੈਤ ਦੇ ਕਿਸੇ ਕਾਨੂੰਨ ਨੂੰ ਜੋ ਕਮੀਸ਼ਨ ਦੇ ਮੁਤਅਲਕ ਹੋਵੇ ਇਕ ਸਾਲ ਵਾਸਤੇ ਮੁਲਤਵੀ ਕਰ ਦੇਵੇ। ਜਿਸਦੀ ਰਪੋਟ ਤੀਸ (30) ਦਿਨ ਅੰਦਰ ਸੰਟਰਲ ਪੰਚੈਤ ਨੂੰ ਦੇਣੀ ਜ਼ਰੂਰੀ ਹੋਵੇਗੀ ॥ ਇਕ ਸਾਲ ਵਿਚ ਉਸੀ ਮੁਆਮਲੇ ਪਰ ਇਕ ਤੋ ਜ਼ਿਆਦਾ ਕਾਨੂੰਨ ਕਮੀਸ਼ਨ ਮੁਲਤਵੀ ਨਹੀਂ ਕਰ ਸਕੇਗਾ ॥

12) ਮੌਹਿਕਮਾਂ ਸੈਂਸਰ ਦਾ ਫਰਜ਼ ਅਦਾ ਕਰੇਗਾ ॥

13) ਜੌਡੀਸ਼ਲ ਬੋਰਡ ਮੁਕੱਰਰ ਕਰੇਗਾ ॥

(4) ਕਮੀਸ਼ਨ ਦੇ ਮੈਂਬਰ ਉਸ ਵਕਤ ਤਕ ਕਮ ਕਰਨਗੇ ਜਦ ਤਕ ਸੈਂਟਰਲ ਪੰਚਾਇਤ ਨਾਂ ਉਨ੍ਹਾਂ ਨੂੰ ਬਦਲਾਏ, ਜਾਂ ਕਮੀਸ਼ਨ ਸਰਬ ਸੰਮਤੀ ਨਾਲ ਕਿਸੇ ਮੈਂਬਰ ਨੂੰ ਅਜਾਜ਼ਤ ਨਾਂ ਦੇ ਦੇਵੇ ॥

# ਆਰਟੀਕਲ IX

## ਜੁਡੀਸ਼ੀਅਲ (ਇਨਸਾਫ਼ੀ) ਮਹਿਕਮਾਂ

(ੳ) ਬਨਾਵਟ ਆਦ :-

(1) ਕਮੀਸ਼ਨ ਐਸੇ ਮੈਂਬਰ ਜੀਰਕੋਰਟ ਦੇ ਜੱਜ ਚੁਣੇਗਾ ਜੋ ਪਾਰਟੀ ਵਿਚੋਂ ਜ਼ਿਆਦਾ ਤੋਂ ਜ਼ਿਆਦਾ ਲਾਇਕ, ਨੇਕ ਚਲਣ ਅਤੇ ਇਨਸਾਫ ਪਸੰਦ ਹੋਣਗੇ ॥

(2) ਤਿਨ (3) ਮੈਂਬਰਾਂ ਦਾ ਬੋਰਡ ਜੀਰਕੋਰਟ ਦੇ ਨਾਮ ਨਾਲ ਯਾਦ ਕੀਤਾ ਜਾਏਗਾ ॥

(3) ਗਦਰ ਪਾਰਟੀ ਦੇ ਮਾਤਹਿਤ ਤਮਾਮ ਅਦਾਲਤਾਂ ਪਰ ਜੀਰਕੋਰਟ ਦਾ ਅਖਤਿਆਰ ਹੋਵੇਗਾ ॥

(4) ਜੀਰ ਕੋਰਟ ਦੇ ਫੈਸਲੇ ਦੀ ਅਪੀਲ ਕਮੀਸ਼ਨ ਪਾਸ ਹੋ ਸਕੇਗੀ ॥

## (ਅ) ਮੈਹਕਮਾਂ ਇਨਸਾਫ਼ ਦੇ ਫਰਜ਼ ਤੇ ਅਖਤਿਆਰ :-

1) ਮੌਕਿਆ ਜ਼ਰੂਰਤ ਅਤੇ ਬਜਟ ਦੇ ਮੁਤਾਬਕ ਬੋਰਡ ਵਲੋਂ ਮਕਰਰ ਕੀਤੇ ਜਸਟਿਸ ਦਾ ਅਖਤਿਆਰ ਹੋਵੇਗਾ ਕਿ ਆਪਣੇ ਮਦਦਗਾਰ ਖ਼ੁਦ ਮੁਕੱਰਰ ਕਰੇ॥

2) ਸਜ਼ਾ ਚੱਸਣਾ ਅਦਾਲਤ ਲਗਾਵੇ॥

3) ਮੈਂਬਰਾਂ ਦੇ ਮੁਕੱਦਮੇਂ ਦਾ ਫੈਸਲਾ ਜਿਊਰੀ ਜਾਂ ਬੋਰਡ ਜਿਊਰੀ ਦੀ ਮਦਦ ਦੇ ਕਰੇ॥

## (ੲ) ਜਿਊਰੀ :-

ਜਿਊਰੀ ਪੰਜਾਂ ਆਦਮੀਆਂ ਦੀ ਹੋਵੇਗੀ, ਦੋਨਾਂ ਤਰਫਾਂ ਤੋਂ ਦੋ੨ ਮੈਂਬਰ ਤਰਫੈਨ ਦੀ ਮਨਜ਼ੂਰੀ ਨਾਲ ਚੁਣੇ ਜਾਣਗੇ। ਪਾਰਟੀ ਵਲੋਂ ਚੀਫ ਜੱਜ ਜਾਂ ਉਸਦਾ ਪਰਤੀਨਿਧ ਜਿਊਰੀ ਦਾ ਚੇਅਰਮੈਨ ਹੋਵੇਗਾ। ਕਸਰਤ ਰਾਏ ਨਾਲ ਫੈਸਲਾ ਸਹੀ ਸਹੀ ਸਮਝਿਆ ਜਾਏਗਾ॥

---

# ਆਰਟੀਕਲ X

## ਐਗਜ਼ੀਕਿਊਟਿਵ (ਕਾਨੂੰਨ ਪ੍ਰਚਲਤ ਕਰਨ ਵਾਲਾ) ਮੈਹਕਮਾਂ

## (ੳ) ਪਰੈਜ਼ੀਡੈਂਟ :-

1) ਐਗਜ਼ੀਕਿਊਟਿਵ ਮੈਹਕਮੇਂ ਦਾ ਆਲ੍ਹਾ ਅਫਸਰ ਪਰੈਜ਼ੀਡੈਂਟ ਹੋਵੇਗਾ॥

2) ਪਰੈਜ਼ੀਡੈਂਟ ਦੀ ਜਗ੍ਹਾ ਖਾਲੀ ਹੋਵੇ ਤਾਂ ਕਮੀਸ਼ਨ ਦਾ ਸਕੱਤਰ ਛੁਟ ਜਗਾ ਪੂਰੀ ਕਰੇਗਾ। ਜਦ ਤਾਈ ਕਿ ਨਵਾਂ ਪਰੈਜ਼ੀਡੈਂਟ ਨਾ ਚੁਣਿਆ ਜਾਵੇ ॥

## (ਅ) ਪਰੈਜ਼ੀਡੈਂਟ ਦੇ ਫਰਜ਼ ਤੇ ਅਖਤਿਆਰ :-

ਮੌਕਾ, ਜ਼ਰੂਰਤ ਤੇ ਬਜਟ ਦੇ ਮੁਤਾਬਿਕ ਪਰੈਜ਼ੀਡੈਂਟ ਹੇਠ ਲਿਖੇ ਕੰਮ ਕਰੇਗਾ :-

1) ਸੈਂਟਰਲ ਪੰਚੈਤ ਦੀ ਹਰ ਮੀਟਿੰਗ ਵਿਚ ਕਮੀਸ਼ਨ ਦੇ ਖਰਚ ਦੀ ਸਮੁਚੀ ਤੇ ਦੂਜੇ ਖਰਚ ਦੀ ਮੁਕੰਮਲ ਰਪੋਟ ਪੇਸ਼ ਕਰੇਗਾ ॥

2) ਸੈਂਟਰਲ ਪੰਚੈਤ ਦੀ ਮਨਜ਼ੂਰੀ ਤੋਂ ਪਹਿਲਾਂ ਪਰੈਜ਼ੀਡੈਂਟ ਪੰਜ ਸੌ ($500) ਡਾਲਰ ਖਰਚ ਕਰ ਸਕੇਗਾ ॥

3) ਕੌਮੀ ਖਤਰੇ ਦੀ ਮੌਜੂਦਗੀ ਵਿਚ ਅਤੇ ਉਸ ਹਾਲਤ ਵਿਚ ਜਦ ਸੈਂਟਰਲ ਪੰਚੈਤ ਨੇ ਕਿਸੇ ਖਾਸ ਬਾਤ ਬਾਬਤ ਕੋਈ ਖਾਸ ਕਾਨੂੰਨ ਪਾਸ ਨਾਂ ਕੀਤੇ ਹੋਵੇ ਤਾਂ ਪਰੈਜ਼ੀਡੈਂਟ ਨੂੰ ਅਖਤਿਆਰ ਹੈ ਕਿ ਜਿਵੇਂ ਮੁਨਾਸਬ ਸਮਝੇ, ਕਾਰਵਾਈ ਕਰੇ ॥

4) ਪਰੈਜ਼ੀਡੈਂਟ, ਸੈਂਟਰਲ ਪੰਚੈਤ ਦੇ ਪਾਸ ਸ਼ੁਦਾ ਕਾਨੂੰਨ ਪਾਲਣਾ ਕਰਨ ਦਾ ਜ਼ੁੰਮੇਵਾਰ ਹੋਵੇਗਾ ॥

5) ਪਾਰਟੀ ਦੀ ਮਸ਼ੀਨ ਚਲਦੀ ਰਖਣਾ ਪਰੈਜ਼ੀਡੈਂਟ ਦਾ ਸਭ ਤੋਂ ਵਡਾ ਫਰਜ਼ ਹੋਵੇਗਾ ।।

(ੲ) ਕੈਬੀਨਟ ਅਫਸਰ ਤੇ ਮੈਹਕਮੇਂ :-

ਪਰੈਸੀਡੈਂਟ ਹੇਠ ਲਿਖਿਆਂ ਮੈਹਕਮਿਆਂ ਦੇ ਆਲ੍ਹਾ ਅਫਸਰ ਪਾਰਟੀ ਵਿਚੋਂ ਲਿਆਕਤ, ਚਲਣ, ਤੇ ਖਿਦਮਤ ਦੇ ਲਿਹਾਜ਼ ਨਾਲ ਪੰਚੈਤ ਦੀ ਮਨਜ਼ੂਰੀ ਨਾਲ ਮਕੱਰਰ ਕਰੇਗਾ, ਜਿਨ੍ਹਾਂ ਨੂੰ ਮੌਕੂਫ ਕਰਨਾ ਪਰੈਸੀਡੈਂਟ ਦੇ ਅਖਤਿਆਰ ਹੋਵੇਗਾ ।।

ਹੇਠ ਲਿਖੇ ਮੈਹਕਮੇਂ ਹੋਣਗੇ :-

(1) ਮੈਹਕਮਾਂ ਡੀਫੈਂਸ (ਹਫਾਜ਼ਤ)
(2) ਮੈਹਕਮਾਂ ਤਾਲੀਮ
(3) ਕਾਮਰਸ ਤੇ ਇੰਡਸਟਰੀ (ਤਜਾਰਤ ਤੇ ਚੀਜ਼ਾਂ ਬਣੌਣਾ)
(4) ਨੈਸ਼ਨਲ ਟਰੈਯਰੀ (ਕੌਮੀ ਖਜ਼ਾਨਾ)
(5) ਹੋਮ ਅਫੈਅਰਸ (ਘਰੋਗੀ ਮਾਮਲੇ)
(6) ਫਾਰਨ ਅਫੇਅਰਸ (ਬਾਹਰਲੇ ਮੁਲਕਾਂ ਨਾਲ ਸੰਬੰਧ)
(7) ਲੇਬਰ ਮੈਹਕਮਾਂ (ਕੰਮ ਦਾ ਮਹਿਕਮਾਂ)
(8) ਕਮਿਯੂਨੀਕੇਸ਼ਨ
(9) ਸੈਨੀਟੇਸ਼ਨ (ਸਫਾਈ ਦਾ ਮਹਿਕਮਾਂ)

# ਖਾਸ ਖਾਸ ਮੈਹਕਮਿਆਂ ਦਾ ਹਾਲ

ਜਰੂਰਤ, ਬਜਟ, ਮੌਕਾ, ਮੁਕਾਮ ਦਾ ਲਿਹਾਜ਼ ਰਖਦੇ ਹੋਏ ਹਰ ਇਕ ਮੈਹਕਮੇ ਦਾ ਕਮ ਕੀਤਾ ਜਾਵੇਗਾ।

## ਮੈਹਕਮਾ ਡੀਫੈਂਸ (ਬਚਾਓ)

(1) ਜਰੂਰਤ ਅਤੇ ਬਜੱਟ ਦਾ ਲਿਹਾਜ਼ ਰਖਦੇ ਹੋਏ ਇਸ ਮੈਹਕਮੇ ਦਾ ਸੈਕਰਟਰੀ ਆਪਣੇ ਮਦਦਗਾਰ ਆਪ ਮੁਕੱਰ ਕਰੇਗਾ।

(2) ਪਾਰਟੀ ਵਿਚੋਂ ਚੰਗੇ ਵਾਕਫਕਾਰਾਂ ਦੀ ਇਸ ਮੈਹਕਮੇ ਦਾ ਸੈਕਰਟਰੀ ਇਕ ਕੌਂਸਲ ਜਾਂ ਕਮੇਟੀ ਲੋੜ ਅਨੁਸਾਰ ਬਣਾਵੇਗਾ।

(3) ਇਸ ਮੈਹਕਮੇ ਦਾ ਬੜਾ ਅਫੀਸਰ ਲੋੜ ਪੈਣੀ ਤੋਂ ਪਰੈਜ਼ੀਡੈਂਟ ਦੀ ਮਨਜ਼ੂਰੀ ਨਾਲ ਪਾਰਟੀ ਦੀ ਸਾਰੀ ਤਾਕਤ ਵਰਤ ਸਕੇਗਾ।

## ਮੈਹਕਮਾ ਤਾਲੀਮ

ਜਰੂਰਤ, ਬਜੱਟ, ਮੌਕਾ ਵਕਤ ਦਾ ਲਿਹਾਜ਼ ਰਖਦੇ ਹੋਏ ਸੈਕਰਟਰੀ ਤਾਲੀਮ ਨੂੰ ਅਖਤਿਆਰ ਹੈ ਕਿ ਉਹ :—

(ਨੋਟ) ਹਰ ਇਕ ਮੈਹਕਮੇ ਦਾ ਬੜਾ ਅਫੀਸਰ ਆਪਣੇ ਆਪਣੇ ਮੈਹਕਮੇ ਨੂੰ ਜ਼ਮਾਨਾ ਹਾਲ ਦੇ ਅਨੁਸਾਰ ਵਧੀਆ ਮਸ਼ੀਨਰੀ ਤੇ ਵਧੀਆ ਸਮਾਨ ਨਾਲ ਮੌਜੂਦਾ ਟੈਮ ਦੇ ਮੁਤਾਬਕ ਤਰੱਕੀ ਉਪਰ ਲਿਆਵੇਗਾ।

1) ਗਦਰੀ ਅਸੂਲਾਂ ਦੇ ਮੁਤਾਬਿਕ ਹਰ ਕਿਸਮ ਦੀ ਤਾਲੀਮ ਦਾ ਪਰਬੰਧ ਕਰੇ।

2) ਆਪਣੇ ਮਦੱਦਗਾਰ ਖ਼ੁਦ ਮੁਕੱਰਰ ਕਰੇ॥

3) ਤਾਲੀਮ ਦੀ ਗਰਜ਼ ਨਾਲ ਹਰ ਕਿਸਮ ਦੇ ਜ਼ਰੀਏ ਦਫ਼ਤਰ, ਅਤੇ ਜੋੜ ਮੇਲਿਆਂ (ਗਦਰਦੇ) ਦੇ ਫ਼ੋਆਰਮੈਨ ਮੁਕੱਰਰ ਕਰੇ॥

4) ਆਪਣੇ ਮਹਿਕਮੇ ਵਾਸਤੇ ਕਾਨੂੰਨ ਬਣਾਵੇ।

5) ਤਮਾਮ ਪਰੌਪੇਗੰਡਾ ਦੇ ਔਜ਼ਾਰ — ਅਖਬਾਰ ਲੈਕਚਰ ਕਤਾਬਾਂ ਆਇਦ ਦਾ ਪੂਰਾ ਪਰਬੰਧ ਕਰੇ॥

6) ਪਬਲਕ ਜਲਸੇ ਕਰਨ ਵਾਸਤੇ ਪਾਰਟੀ ਦੇ ਤਮਾਮ ਮਹਿਕਮਾਂ ਤਾਲੀਮ ਦੀ ਮਨਜ਼ੂਰੀ ਦੇਵੇ॥

## ਮਹਿਕਮਾਂ ਨੈਸ਼ਨਲ ਟਰੈਜਰੀ

**ਖ਼ਜ਼ਾਨਚੀ ਦੇ ਫ਼ਰਜ਼:-**

1) ਪਾਰਟੀ ਦਾ ਤਮਾਮ ਖਜ਼ਾਨਾ ਅਤੇ ਹਸਾਬ ਕਤਾਬ ਖਜ਼ਾਨਚੀ ਰਖੇਗਾ॥

2) ਸੈਂਟਰਲ ਪੰਚੈਤ ਵਲੋਂ ਮੁਕੱਰਰ ਕਰਦਾ ਬੈਂਕ ਵਿਚੋਂ ਸਰਮਾਇਆ ਉਠੌਣ ਵਾਸਤੇ ਖਜ਼ਾਨਚੀ ਅਤੇ

ਸਬ-ਖਜ਼ਾਨਚੀ ਦੇ ਦਸਖਤ ਜ਼ਰੂਰੀ ਹੋਣਗੇ ॥

3) ਚੰਦਾ ਇਕੱਠਾ ਕਰਨ ਦਾ ਅਤੇ ਡਿਪਟੀ ਕਲੈਕਟਰ ਖਜ਼ਾਨਚੀ ਮੁਕੱਰਰ ਕਰੇਗਾ ॥

4) ਚੰਦਾ ਇਕੱਠਾ ਕਰਕੇ ਦਫਤਰ ਪਾਰਟੀ ਦੇ ਨਾਮ ਪਰ ਅਲੱਗ 2 ਸੈਂਟਰਾਂ ਦੇ ਬੈਂਕਾਂ ਵਿਚ ਸਰਮਾਇਆ ਜਮਾ ਕੀਤਾ ਜਾ ਸਕੇਗਾ, ਲੇਕਨ ਸਾਲ ਖਤਮ ਹੋ ਜਾਣ ਪਰ ਤਮਾਮ ਹਿਸਾਬ ਖਜ਼ਾਨਚੀ ਪਾਸ ਜਮਾ ਕਰਨਾ ਜ਼ਰੂਰੀ ਹੋਵੇਗਾ ॥

5) ਤਮਾਮ ਆਮਦਨੀ ਖਰਚ ਦੀ ਸਾਲਾਨਾ ਰਪੋਟ ਖਜ਼ਾਨਚੀ ਤਿਆਰ ਕਰੇਗਾ ਅਤੇ ਪਾਰਟੀ ਦੇ ਜਲਸੇ ਵਿਚ ਸੈਂਟਰਲ ਪੰਚੈਤ ਦੀ ਰਾਏ ਨਾਲ ਸੁਣਾ ਸਕੇਗਾ ॥

6) ਕੁਲ ਖਰਚ ਦੀ ਸਾਰੀ ਰਪੋਟ ਚੋਣ ਕਮੀਸ਼ਨ ਦੇ ਖਰਚ ਦੇ ਖਜ਼ਾਨਚੀ ਪਰੈਜ਼ੀਡੈਂਟ ਦੀ ਇਜਾਜ਼ਤ ਨਾਲ ਸੈਂਟਰਲ ਪੰਚਾਇਤ ਵਿਚ ਪੇਸ਼ ਕਰੇਗਾ ॥

7) ਪਾਰਟੀ ਦੀ ਤਮਾਮ ਜਾਇਦਾਦ ਦੀ ਸੰਭਾਲ ਸ: ਪ: ਵਲੋਂ ਖਜ਼ਾਨਚੀ ਦੇ ਸਪੁਰਦ ਅਤੇ ਜ਼ਿੰਮੇ ਹੋਵੇਗੀ ॥

# ਆਰਟੀਕਲ XI

# ਗ਼ਦਰ ਪਾਰਟੀ ਦੇ ਮੈਂਬਰਾਂ ਦੇ

# ਫਰਜ਼

ਹਰ ਇਕ ਮੈਂਬਰ ਦਾ ਫਰਜ਼ ਹੈ ਕਿ ਉਹ :-

1) ਹਿੰਦਸਤਾਨ ਗਦਰ ਪਾਰਟੀ ਦੇ ਅਸੂਲਾਂ ਦਾ ਪਰਚਾਰ ਕਰੇ ਅਤੇ ਨਵੇਂ ਮੈਂਬਰ ਪੈਦਾ ਕਰੇ॥

2) ਜਦੋਂ ਤਕ ਮੁਆਫ਼ ਨਾ ਕੀਤਾ (ਜਾਏ) ਗਿਆ ਹੋਵੇ ਲਗਾਤਾਰ ਚੰਦਾ ਦੇਵੇ॥

3) ਪਾਰਟੀ ਦੇ ਖਿਲਾਫ਼ ਹੋ ਰਹੀ ਕਾਰਵਾਈ ਦੀ ਰਪੋਟ ਫੌਰਨ ਦਫਤਰ ਵਿਚ ਦੇਵੇ॥

4) ਦੋ ਮੈਂਬਰਾਂ ਦੇ ਦਰਮਿਆਨ ਝਗੜਾ ਹੋਣ ਦੀ ਸੂਰਤ ਵਿਚ ਪਾਰਟੀ ਦੀ ਅਦਾਲਤ ਪਾਸੋਂ ਫੈਸਲਾ ਕਰਵਾਵੇ ਅਤੇ ਉਸ ਪਰ ਅਮਲ ਕਰੇ। ਦੂਸਰਿਆਂ ਨੂੰ ਐਸਾ ਕਰਨ ਵਾਸਤੇ ਪਰੇਰੇ॥

5) ਕਿਸੇ ਮੈਂਬਰ ਦੇ ਖ਼ਿਲਾਫ਼ ਪਾਰਟੀ ਤੋਂ ਬਾਹਰ ਕਿਸੇ ਕਿਸਮ ਦੀ ਸ਼ਿਕਾਇਤ ਨਾ ਕਰੇ ॥

6) ਮਜ਼੍ਹਬੀ ਝਗੜਿਆਂ ਤੋਂ ਅਲੱਗ ਰਹੇ ॥

7) ਅੰਗਰੇਜ਼ੀ ਮਾਲ ਦਾ ਬਾਈਕਾਟ ਕਰੇ ॥

## ਗ਼ਦਰਪਾਰਟੀ ਦੇ ਮੈਂਬਰਾਂ ਦੇ ਹਕ

ਹਰ ਮੈਂਬਰ ਦਾ ਹਕ ਹੈ ਕਿ ਉਹ ਦੂਸਰੇ ਮੈਂਬਰਾਂ ਦੇ ਹਕਾਂ ਦਾ ਖ਼ਿਆਲ ਰਖਦਾ ਹੋਇਆ :—

1) ਆਪਣੀ ਜਿਸਮਾਨੀ, ਦਿਮਾਗੀ, ਅਤੇ ਇਖਲਾਕੀ ਜ਼ਿਆਦਾ ਤੋਂ ਜ਼ਿਆਦਾ ਤਰੱਕੀ ਕਰ ਸਕੇ ॥

2) ਆਪਣੀ ਕਾਬਲੀਅਤ ਦੇ ਮੁਤਾਬਕ ਜ਼ਿਆਦਾ ਤੋਂ ਜ਼ਿਆਦਾ ਪਾਰਟੀ ਦੇ ਕੰਮ ਵਿਚ ਹਿਸਾ ਲੈ ਸਕੇ ॥

3) ਪੰਚਾਇਤਵਿਚਪੇਸ਼ ਹੋ ਚੁਕੇ ਹਰ
ਮੁਆਮਲੇ ਪਰ ਆਜ਼ਾਦੀ ਨਾਲ
ਆਪਣੇ ਖਿਆਲ ਜ਼ਾਹਿਰ ਕਰ ਸਕੇ॥

4) ਪਾਰਟੀ ਤੋਂ ਮਦੱਦ ਮੰਗ ਸਕੇ ਜਿਥੇ
ਖ਼ੁਦ ਆਪਣੇ ਹਕਾਂ ਦੀ ਹਫ਼ਾਜ਼ਤ
ਨਾ ਕਰ ਸਕਦਾ ਹੋਵੇ, ਅਤੇ ਜਿਥੇ
ਪਾਰਟੀ ਮਦੱਦ ਕਰ ਸਕਦੀ ਹੋਵੇ॥

5) ਮਜ਼੍ਹਬ ਦੇ ਬਾਰੇ ਜੋ ਚਾਹੇ ਆਪਣੇ
ਖਿਆਲ ਰਖੇ॥

## ਆਰਟੀਕਲ XII

## ਫੁਟਕਲ ਕਾਨੂੰਨ

1) ਪਾਰਟੀ ਨੂੰ ਦਿਤੀ ਗਈ ਮਦੱਦ
ਵਾਪਸ ਨਹੀਂ ਕੀਤੀ ਜਾਵੇਗੀ॥

2) ਪਾਰਟੀ ਵਾਸਤੇ ਸਾਰਾ ਵਕਤ ਦੇਣ
ਵਾਲੇ ਮੈਂਬਰਾਂ ਨੂੰ ਜ਼ਿੰਦਗੀ ਦੀਆਂ
ਜ਼ਰੂਰਤਾਂ ਤੋਂ ਜ਼ਿਆਦਾ ਸਿਰਫ਼ ਉਤਨਾ
ਹੀ ਖਰਚ ਮਿਲੇਗਾ ਜਿਤਨਾ ਕਿ
ਮੌਕਿਆ ਅਤੇ ਜ਼ਰੂਰਤ ਦੇ ਮੁਤਾਬਿਕ
ਸੈਂਟਰਲ ਪੰਚਾਇਤ ਪਾਸ ਕਰੇ ॥

3) ਕਿਸੇ ਮਜ਼੍ਹਬ ਨੂੰ ਰਾਜਸੀ ਜਾਂ ਸਮਾਜਕ
ਇੰਤਜ਼ਾਮ ਵਿਚ ਦਖ਼ਲ ਦੇਣ ਦਾ
ਹਕ ਨਹੀਂ ਹੋਵੇਗਾ ॥

4) ਪਾਰਟੀ ਦੇ ਪਾਸ ਕਰਦਾ ਹਰ ਕਾਨੂੰਨ
ਪਰ ਪਰੈਜ਼ੀਡੈਂਟ ਦੇ ਦਸਖ਼ਤ ਹੋਣਗੇ ॥

5) ਪਰੈਜ਼ੀਡੈਂਟ ਦਾ ਅਖ਼ਤਿਆਰ ਹੈ ਕਿ ਕਿਸੇ
ਕਾਨੂੰਨ ਨੂੰ ਵੀਟੋ (ਨਾਮਨਜ਼ੂਰ ਕਰਨਾ)
ਕਰੇ, ਲੇਕਨ ਇਕ ਸਾਲ ਦੇ ਬਾਦ
ਦੋ-ਤਿਹਾਈ ($\frac{2}{3}$) ਮੈਂਬਰਾਂ ਦੀ

ਕਸਰਤ ਰਾਏ ਨਾਲ ਪਾਸ ਕੀਤਾ ਗਿਆ ਐਸਾ ਕਾਨੂੰਨ ਬਗੈਰ ਦਸਖਤ ਪਰੈਜ਼ੀਡੈਂਟ ਭੀ ਪਾਰਟੀ ਦਾ ਕਾਨੂੰਨ ਮਾਨ ਲਿਆ ਜਾਵੇਗਾ॥

6) ਪੁਰਾਣੀ ਸੈਂਟਰਲ ਪੰਚੈਤ ਨਵੀਂ ਸ: ਪ: ਨੂੰ ਚਾਰਜ ਦੇ ਚੁਕਣ ਦੇ ਬਾਦ ਤਮਾਮ ਜ਼ੁੰਮੇਵਾਰੀਆਂ ਤੋਂ ਸਰਕਾਰੀ ਤੌਰ ਪਰ ਬਰੀ ਹੋਵੇਗੀ॥

7) ਸੈਂਟਰਲ ਪੰਚੈਤ ਦੇ ਮੈਂਬਰਾਂ ਦੀ ਜਗਾ ਹੇਠ ਲਿਖੇ ਕਾਰਨਾਂ ਕਰਕੇ ਖਾਲੀ ਸਮਝੀ ਜਾਏਗੀ:-

(ੳ) ਮਰ ਜਾਨ ਤੇ

(ਅ) ਕਿਸੇ ਐਸੀ ਜਗ੍ਹਾ ਚਲੇ ਜਾਂਣ ਤੇ ਜਿਥੋਂ ਲਗਾਤਾਰ ਤਿੰਨ ਮੀਟਿੰਗਾਂ ਪਰ ਹਾਜ਼ਰ ਨਾ ਹੋ ਸਕੇ॥

(ੲ) ਪਾਰਟੀ ਦੇ ਫਰਜ਼ ਨਾਂ ਪੂਰੇ ਕਰ ਸਕਦਾ ਹੋਵੇ।

(ਜ) ਬਗੈਰ ਵਜਾਹ ਤਿੰਨ ਮੀਟਿੰਗਾਂ ਪਰ ਲਗਾਤਾਰ ਹਾਜ਼ਰ ਨਾਂ ਹੋਇਆ ਹੋਵੇ॥

8) ਸਟੇਟ ਕਮੇਟੀਆਂ ਦੀ ਮੈਂਬਰੀ ਦੀ ਜਗਾ ਭੀ ਉਪਰ ਲਿਖੇ ਕਾਰਨਾ ਕਰਕੇ ਖਾਲੀ ਸਮਝੀ ਜਾਏਗੀ॥

9) ਇਕ ਮੈਂਹਕਮਾਂ ਦੂਸਰੇ ਮੈਂਹਕਮੇਂ ਦੇ ਕਮ ਵਿਚ ਬੇਜਾ ਦਖਲ ਨਹੀ ਦੇ ਸਕੇਗਾ। ਜਿਥੋਂ ਤਾਈਂ ਮੁਮਕਨ ਹੋਵੇਗਾ ਇਕ ਮੈਂਹਕਮਾਂ ਦੂਜੇ ਮੈਂਹਕਮੇਂ ਨਾਲ ਕੋਉਪਰੇਟ (ਮਿਲਕੇ ਕਮ ਕਰਨਾ) ਕਰੇਗਾ॥

10) ਪਾਰਟੀ ਦੇ ਹਰ ਇਕ ਮੈਂਬਰ ਨੂੰ ਪਾਰਟੀ ਦੇ ਅੰਦਰ ਆਪਣੇ ਖਿਆਲਾਤ ਜ਼ਾਹਰ ਕਰਨ ਦਾ ਹਕ ਹੋਵੇਗਾ। ਕਿਸੇ ਮੈਂਬਰ ਨੂੰ ਸੈਂਟਰਲ ਪੰਚਾਇਤ ਵਿਚ ਆਪਣੇ

ਖਿਆਲ ਜ਼ਾਹਿਰ ਕਰਨ ਵਾਸਤੇ
ਕਸੂਰ ਵਾਰ ਨਹੀਂ ਠਹਿਰਾਇਆ ਜਾਏਗਾ॥

11) ਜੇ ਵੀਹ (20) ਫੀ ਸਦੀ ਪਾਰਟੀ ਦੇ
ਮੈਂਬਰ ਕਿਸੇ ਬਾਤ ਬਾਰੇ ਦਰਖਾਸਤ ਉਤੇ
ਦਸਖਤ ਕਰਕੇ ਸੈਂਟਰਲ ਪੰਚਾਇਤ ਦੇ
ਸੈਕਟਰੀ ਪਾਸ ਭੇਜਣ ਤਾਂ ਇਸ ਬਾਤ
ਉਪਰ ਪਾਰਟੀ ਦੇ ਮੈਂਬਰਾਂ ਦੀ
ਰਾਏ ਲਈ ਜਾਏਗੀ। ਕੁਲ ਮੈਂਬਰਸ਼ਿਪ
ਵਿਚੋਂ ਦੋ-ਤਿਹਾਈ ($\frac{2}{3}$) ਵੋਟਾਂ ਨਾਲ
ਹੋ ਚੁਕਾ ਫੈਸਲਾ ਪਾਰਟੀ ਦਾ
ਕਾਨੂੰਨ ਸਮਝਿਆ ਜਾਏਗਾ॥

12) ਸੂਬੇ ਦੀ ਪੰਚਾਇਤ (ਜ਼ੋਨੀ ਸਟੇਟ ਕਮੇਟੀ)
ਦਾ ਕੋਰਮ ਪੰਜ (5) ਮੈਂਬਰਾਂ
ਦਾ ਹੋਵੇਗਾ॥

13) ਇਕਰਾਰ ਨਾਮਾ

ਹਰ ਇਕ ਮੈਂਬਰ ਵਾਸਤੇ ਜ਼ਰੂਰੀ ਹੋਵੇਗਾ ਕਿ ਹੇਠ ਲਿਖੀ ਦਰਖਾਸਤ ਉਤੇ ਦੋ ਐਕਟਿਵ ਮੈਂਬਰਾਂ ਦੇ ਸਾਮਣੇ ਦਸਖਤ ਕਰੇ ਅਤੇ ਦੋ ਐਕਟਿਵ ਮੈਂਬਰਾਂ ਦੇ ਭੀ ਨਾਲ ਦਸਖਤ ਕਰਵਾਕੇ ਕਮਿਸ਼ਨ ਦੇ ਪਰੈਜ਼ੀਡੈਂਟ ਪਾਸ ਭੇਜ ਦੇਵੇ। ਕਮੀਸ਼ਨ ਵਲੋਂ ਮਨਜ਼ੂਰ ਕੀਤੇ ਗਏ ਪਾਰਟੀ ਦੇ ਮੈਂਬਰ ਸਮਝੇ ਜਾਣਗੇ॥

---

14) ਮੈਂਬਰੀ ਦੀ ਦਰਖ਼ਾਸਤ

ਮੈਂ ਆਪਣੀ ਜ਼ਿੰਦਗੀ ਵਿਚ ਸਭ ਤੋਂ ਪਿਆਰੀ ਚੀਜ਼ ਦੀ ਕਸਮ ਖਾਕੇ ਆਪਣੀ ਖੁਸ਼ੀ ਨਾਲ ਇਕਰਾਰ

ਕਰਦਾ ਹਾਂ ਕਿ ਮੈਂ ਅਜ ਤੋਂ ਲੈਕੇ
ਹਿੰਦੁਸਤਾਨ ਗ਼ਦਰ ਪਾਰਟੀ ਦੇ ਆਦਰਸ਼,
ਅਸੂਲਾਂ ਅਤੇ ਤਮਾਮ ਪਾਸ ਸ਼ੁਦਾ
ਕਾਨੂੰਨਾਂ ਪਰ ਦਿਲ ਔਰ ਜਾਨ ਨਾਲ
ਅਮਲ ਕਰਾਂਗਾ। ਮੈਂ ਏਹ ਭੀ ਇਕਰਾਰ
ਕਰਦਾ ਹਾਂ ਕਿ ਪਾਰਟੀ ਦੇ ਅਸੂਲਾਂ ਨੂੰ
ਬਾਕੀ ਤਮਾਮ ਅਸੂਲਾਂ ਨਾਲੋਂ ਆਲ੍ਹਾ
ਸਮਝਾਂਗਾ ॥ ਮੈਂ ਗਦਰ ਪਾਰਟੀ ਪਾਸ
ਪਰਾਰਥਨਾ ਕਰਦਾ ਹਾਂ ਕਿ ਮੈਨੂੰ ਪਾਰਟੀ
ਦਾ ਮੈਂਬਰ ਚੁਣ ਲਿਆ ਜਾਵੇ। ਮੈਂ ਇਹ
ਭੀ ਇਕਰਾਰ ਕਰਦਾ ਹਾਂ ਕਿ ਪਾਰਟੀ
ਦੇ ਬਰਖਲਾਫ ਮੇਰਾ ਕਸੂਰ ਸਾਬਤ ਹੋ
ਜਾਣ ਪਰ ਪਾਰਟੀ ਵਲੋਂ ਦਿਤੀ ਗਈ
ਸਜ਼ਾ ਬੜੀ ਖੁਸ਼ੀ ਨਾਲ ਕਬੂਲ
ਕਰਾਂਗਾ :-

ਦਸਖਤ ਉਮੇਦਵਾਰ ----------

ਪਿੰਡ ----------

ਜ਼ਿਲਾ ----------

ਦੋ (ਐਕਟਿਵ) ਮੈਂਬਰ ਗਵਾਹ

1)
ਨਾਮ ----------
ਪਿੰਡ ----------
ਜ਼ਿਲਾ ----------

2)
ਨਾਮ ----------
ਪਿੰਡ ----------
ਜ਼ਿਲਾ ----------

14) ਮੈਂਬਰੀ ਤੋਂ ਖਾਰਜ

ਹਰ ਇਕ ਮੈਂਬਰ ਜੋਕਿ
ਪਾਰਟੀ ਦੀ ਜੱਥੇਬੰਦੀ
ਵਾਸਤੇ ਨੁਕਸਾਨ ਦੇਹ
ਸਾਬਤ ਹੋਵੇ, ਹਮੇਸ਼ਾਂ
ਵਾਸਤੇ ਜਾਂ ਥੋੜੀ ਦੇਰ
ਵਾਸਤੇ ਕਮੀਸ਼ਨ ਦੀ
ਅਦਾਲਤ ਦੀ ਰਾਹੀਂ ਮੈਂਬਰੀ
ਤੋਂ ਖਾਰਜ ਕੀਤਾ ਜਾ
ਸਕੇਗਾ ॥